" ਪਾਸ ਵਿਧ ਆਨਰ ਬਣਨ ਦੇ ਲਈ ਸਰਵ ਖਜਾਨਿਆਂ ਦੇ ਖ਼ਾਤੇ ਨੂੰ ਜਮਾ ਕਰ ਸੰਪੰਨ ਬਣੋ "

ਅੱਜ ਬਾਪਦਾਦਾ ਕਿਸ ਸਭ ਨੂੰ ਵੇਖ ਰਹੇ ਹਨ ? ਅੱਜ ਦੀ ਸਭ ਵਿਚ ਹਰ ਇੱਕ ਬੱਚਾ ਹਾਈਏਸਟ ਅਤੇ ਅਵਿਨਾਸ਼ੀ ਖਜਾਨਿਆਂ ਨਾਲ ਰਿਚੇਸਟ ਹੈ। ਦੁਨੀਆ ਵਾਲੇ ਕਿੰਨੇ ਵੀ ਰਿਚੇਸਟ ਹੋਣ ਲੇਕਿਨ ਇੱਕ ਜਨਮ ਦੇ ਲਈ ਰਿਚੇਸਟ ਹਨ। ਇੱਕ ਜਨਮ ਵੀ ਰਿਚੇਸਟ ਰਹਿਣਗੇ ਜਾਂ ਨਹੀਂ, ਇਹ ਵੀ ਨਿਸ਼ਚਿਤ ਨਹੀਂ ਹੈ। ਭਾਵੇਂ ਕਿੰਨਾਂ ਵੀ ਰਿਚੇਸਟ ਇਨ ਦਾ ਵਰਲਡ ਹੋਵੇ ਪ੍ਰੰਤੂ ਇੱਕ ਜਨਮ ਦੇ ਲਈ ਅਤੇ ਤੁਸੀ ਹੋ ਜੋ ਨਿਸ਼ਚੇ ਅਤੇ ਨਸ਼ੇ ਨਾਲ ਕਹਿੰਦੇ ਹੋ ਕਿ ਅਸੀਂ ਅਨੇਕ ਜਨਮ ਰਿਚੇਸਟ ਹਾਂ ਕਿਉਂਕਿ ਤੁਸੀ ਸਭ ਅਵਿਨਾਸ਼ੀ ਖਜਾਨਿਆਂ ਨਾਲ ਸੰਪੰਨ ਹੋ। ਤੁਸੀ ਸਭ ਜਾਣਦੇ ਹੋ ਕਿ ਅਸੀਂ ਸਭ ਇਸ ਸਮੇਂ ਦੇ ਪੁਰਸ਼ਾਰਥ ਨਾਲ ਇੱਕ ਦਿਨ ਵਿੱਚ ਵੀ ਬਹੁਤ ਕਮਾਈ ਕਰਨ ਵਾਲੇ ਹਾਂ। ਜਾਣਦੇ ਹੋ ਕਿ ਇੱਕ ਦਿਨ ਵਿੱਚ ਤੁਸੀ ਕਿੰਨੀ ਕਮਾਈ ਕਰਦੇ ਹੋ? ਹਿਸਾਬ ਜਾਣਦੇ ਹੋ ਨਾ! ਗਾਇਆ ਹੋਇਆ ਹੈ, ਅਨੁਭਵ ਹੈ ਇੱਕ ਕਦਮ ਵਿਚ ਪਦਮ। ਤਾਂ ਇੱਕ ਦਿਨ ਵਿੱਚ ਬਾਪ ਦ੍ਵਾਰਾ, ਬਾਪ ਦੀ ਨਾਲੈੱਜ ਦ੍ਵਾਰਾ, ਯਾਦ ਦ੍ਵਾਰਾ ਹਰ ਕਦਮ ਵਿਚ ਪਦਮ ਜਮਾ ਹੁੰਦੇ ਹਨ। ਤਾਂ ਸਾਰੇ ਦਿਨ ਵਿਚ ਜਿੰਨੇ ਵੀ ਕਦਮ ਯਾਦ ਵਿੱਚ ਉਠਾਉਂਦੇ ਹੋ ਉਤਨੇ ਪਦਮ ਜਮਾ ਕਰਦੇ ਹੋ। ਤਾਂ ਅਜਿਹਾ ਕਮਾਈ ਕਰਨ ਵਾਲਾ, ਖਜਾਨਾ ਜਮਾ ਕਰਨ ਵਾਲਾ ਵਿਸ਼ਵ ਵਿਚ ਕੋਈ ਹੋਵੇਗਾ! ਜਾਂ ਹੈ? ਵਿਸ਼ਵ ਵਿਚ ਚੱਕਰ ਲਗਾ ਕੇ ਆਵੋ, ਸਿਵਾਏ ਤੁਹਾਡੇ ਇਤਨਾ ਜਮਾ ਕੋਈ ਕਰ ਨਹੀਂ ਸਕਦਾ, ਇਸਲਈ ਬਾਪ ਕਹਿੰਦੇ ਹਨ ਇਸ ਸ੍ਰੇਸ਼ਠ ਸਮ੍ਰਿਤੀ ਵਿੱਚ ਰਹੋ ਕਿ ਅਸੀਂ ਆਤਮਾਵਾਂ ਦਾ ਭਾਗ ਪਰਮ ਆਤਮਾ ਦ੍ਵਾਰਾ ਅਜਿਹਾ ਸ੍ਰੇਸ਼ਠ ਬਣਿਆ ਹੈ।

ਆਪਣੇ ਖਜਾਨੇ ਤਾਂ ਜਾਣਦੇ ਹੋ ਨਾ! ਸਮੇਂ ਦੇ ਖਜਾਨੇ ਨੂੰ ਵੀ ਜਾਣਦੇ ਹੋ ਕਿ ਇਸ ਸੰਗਮਯੁੱਗ ਦਾ ਸਮਾਂ ਕਿਨਾਂ ਸ੍ਰੇਸ਼ਠ ਹੈ, ਜੋ ਪ੍ਰਾਪਤੀ ਚਾਹੀਦੀ ਹੈ ਉਹ ਅਧਿਕਾਰੀ ਬਣ ਬਾਪ ਤੋਂ ਲੈ ਰਹੇ ਹੋ। ਸਰਵ ਅਧਿਕਾਰ ਪ੍ਰਾਪਤ ਕਰ ਲਿਆ ਹੈ ਨਾ ? ਇੱਕ - ਇੱਕ ਸ੍ਰੇਸ਼ਠ ਸੰਕਲਪ ਕਿੰਨਾਂ ਵੱਡਾ ਖਜਾਨਾ ਹੈ, ਸਮੇਂ ਵੀ ਵੱਡਾ ਖਜਾਨਾ ਹੈ, ਸੰਕਲਪ ਵੀ ਵੱਡਾ ਖਜਾਨਾ ਹੈ। ਸਰਵ ਸ਼ਕਤੀਆਂ ਵੱਡੇ ਤੋਂ ਵੱਡਾ ਖਜਾਨਾ ਹੈ। ਇੱਕ - ਇੱਕ ਗਿਆਨ ਰਤਨ ਕਿਨਾਂ ਵੱਡਾ ਖਜਾਨਾ ਹੈ। ਹਰ ਇੱਕ ਗੁਣ ਕਿਨਾਂ ਵੱਡਾ ਖਜਾਨਾ ਹੈ। ਦੁਨੀਆ ਵਾਲੇ ਵੀ ਮੰਨਦੇ ਹਨ ਕਿ ਸਵਾਸ - ਸਵਾਸ ਯਾਦ ਨਾਲ ਸਵਾਸ ਸਫਲ ਹੁੰਦੇ ਹਨ। ਤਾਂ ਤੁਹਾਡੇ ਸਭ ਦੇ ਸਵਾਸ ਸਫਲਤਾ ਸਵਰੂਪ ਹਨ, ਵਿਅਰਥ ਨਹੀਂ। ਹਰ ਸਵਾਸ ਵਿਚ ਸਫਲਤਾ ਦਾ ਅਧਿਕਾਰ ਸਮਾਇਆ ਹੋਇਆ ਹੈ। ਬਾਪਦਾਦਾ ਨੇ ਸਾਰੇ ਬੱਚਿਆਂ ਨੂੰ ਸਾਰੇ ਖਜਾਨੇ ਇੱਕ ਜਿਹੇ ਹੀ ਦਿੱਤੇ ਹਨ। ਸਰਵ ਵੀ ਦਿੱਤੇ ਹਨ ਤੇ ਸਮਾਨ ਵੀ ਦਿੱਤੇ ਹਨ। ਕਿਸੇ ਨੂੰ ਇੱਕ ਗੁਣਾਂ, ਕਿਸੇ ਨੂੰ ਦਸ ਗੁਣਾਂ, ਕਿਸੇ ਨੂੰ 100 ਗੁਣਾਂ... ਇਵੇਂ ਨਹੀਂ ਦਿੱਤਾ ਹੈ। ਦੇਣ ਵਾਲੇ ਦਾਤਾ ਨੇ ਇੱਕ - ਇੱਕ ਬੱਚੇ ਨੂੰ ਸਰਵ ਖਜਾਨੇ ਬ੍ਰਾਹਮਣ ਬਣਦੇ ਹੀ ਸਮਾਨ ਰੂਪ ਵਿਚ ਦਿੱਤੇ ਹਨ। ਲੇਕਿਨ ਖਜਾਨੇ ਨੂੰ ਕਿਨਾਂ ਜਮਾਂ ਕਰਦੇ ਹਨ ਜਾਂ ਗਵਾਉਂਦੇ ਹਨ, ਇਹ ਹਰ ਇੱਕ ਦੇ ਉਪਰ ਹੈ। ਹਰ ਇੱਕ ਨੂੰ ਚੈਕ ਕਰਨਾ ਹੈ ਕਿ ਅਸੀਂ ਸਾਰੇ ਦਿਨ ਵਿਚ ਕਿਨਾਂ ਜਮਾ ਕਰਦੇ ਹਾਂ ਜਾਂ ਗਵਾਉਂਦੇ ਹਾਂ? ਚੈਕ ਕਰਦੇ ਹੋ ? ਚੈਕ ਜਰੂਰ ਕਰਨਾ ਹੈ ਕਿਉਂਕਿ ਇਕ ਜਨਮ ਦੇ ਲਈ ਨਹੀਂ ਹਨ ਲੇਕਿਨ ਹਰ ਜਨਮ ਦੇ ਲਈ ਹਨ। ਅਨੇਕ ਜਨਮ ਦੇ ਲਈ ਜਮਾ ਚਾਹੀਦੇ ਹਨ। ਜਮਾ ਕਰਨ ਦੀ ਵਿਧੀ ਜਾਣਦੇ ਹੋ ? ਬਹੁਤ ਸੌਖੀ ਹੈ। ਸਿਰਫ ਬਿੰਦੀ ਲਗਾਉਂਦੇ ਜਾਵੋ। ਬਿੰਦੀ ਯਾਦ ਹੈ ਤਾਂ ਜਮਾ ਹੁੰਦਾ ਹੈ। ਜਿਵੇਂ ਸਥੂਲ ਖਜਾਨੇ ਵਿੱਚ ਵੀ ਇੱਕ ਦੇ ਨਾਲ ਬਿੰਦੀ ਲਗਾਉਂਦੇ ਜਾਵੋ ਤਾਂ ਵਧਦਾ ਜਾਂਦਾ ਹੈ ਨਾ! ਇਵੇਂ ਹੀ ਆਤਮਾ ਵੀ ਬਿੰਦੀ, ਬਾਪ ਵੀ ਬਿੰਦੀ ਅਤੇ ਡਰਾਮਾ ਵਿਚ ਜੋ ਬੀਤ ਚੁੱਕਾ ਉਹ ਵੀ ਫੁੱਲਸਟਾਪ ਅਤੇ ਬਿੰਦੀ। ਜੇਕਰ ਹਰ ਖਜਾਨੇ ਨੂੰ ਬਿੰਦੀ ਰੂਪ ਨਾਲ ਯਾਦ ਕਰੋ ਤਾਂ ਜਮਾ ਹੁੰਦਾ ਜਾਂਦਾ ਹੈ। ਅਨੁਭਵ ਹੈ ਨ! ਬਿੰਦੀ ਲਗਾਈ ਅਤੇ ਵਿਅਰਥ ਤੋਂ ਜਮਾ ਹੁੰਦਾ ਜਾਂਦਾ ਹੈ। ਬਿੰਦੀ ਲਗਾਉਣੀ ਆਉਂਦੀ ਹੈ ? ਕਈ ਵਾਰੀ ਇਵੇਂ ਹੁੰਦਾ ਹੈ ਜੋ ਕੋਸ਼ਿਸ਼ ਕਰਦੇ ਹੋ ਬਿੰਦੀ ਲਗਾਉਣ ਦੀ ਲੇਕਿਨ ਬਿੰਦੀ ਦੀ ਬਜਾਏ ਲੰਬੀ ਲਾਈਨ ਹੋ ਜਾਂਦੀ ਹੈ, ਬਿੰਦੀ ਦੀ ਬਜਾਏ ਕੁਵਸ਼ਚਨ ਮਾਰਕ ਹੋ ਜਾਂਦਾ ਹੈ, ਆਸ਼ਚਰਿਆ ਦੀ ਲਾਈਨ ਲਗ ਜਾਂਦੀ ਹੈ। ਤਾਂ ਜਮਾ ਦਾ ਖ਼ਾਤਾ ਵਧਾਉਣ ਦੀ ਵਿਧੀ ਹੈ ਬਿੰਦੀ ਅਤੇ ਗਵਾਉਣ ਦਾ ਰਸਤਾ ਹੈ ਲੰਬੀ ਲਾਈਨ ਲਗਾਉਣਾ, ਕੁਵਸ਼ਚਣ ਮਾਰਕ ਲਗਾਉਣਾ, ਅਸ਼ਚਰਿਆ ਦੀ ਮਾਤਰਾ ਲਗਾਉਣਾ। ਸਹਿਜ ਕੀ ਹੈ? ਬਿੰਦੀ ਹਹੈ ਨਾ! ਤਾਂ ਵਿਧੀ ਬਹੁਤ ਸਹਿਜ ਹੈ – ਸਵਮਾਣ ਅਤੇ ਬਾਪ ਦੀ ਯਾਦ ਅਤੇ ਫਾਲਤੂ ਨੂੰ ਫੁੱਲ ਸਟਾਪ ਲਗਾਉਣਾ।

ਬਾਪਦਾਦਾ ਨੇ ਪਹਿਲੇ ਵੀ ਕਿਹਾ ਹੈ – ਰੋਜ ਅੰਮ੍ਰਿਤਵੇਲੇ ਆਪਣੇ ਆਪ ਨੂੰ ਤਿੰਨ ਬੰਦਿਆਂ ਦੀ ਸਮ੍ਰਿਤੀ ਦਾ ਤਿਲਕ ਲਗਾਓ ਤਾਂ ਇੱਕ ਖਜਾਨਾ ਵੀ ਵਿਅਰਥ ਨਹੀਂ ਜਾਵੇਗਾ। ਹਰ ਸਮੇਂ, ਹਰ ਖਜਾਨਾ ਜਮਾ ਹੁੰਦਾ ਜਾਵੇਗਾ। ਬਾਪਦਾਦਾ ਨੇ ਸਾਰੇ ਬੱਚਿਆਂ ਦਾ ਹਰ ਖਜਾਨੇ ਦੇ ਜਮਾ ਦਾ ਚਾਰਟ ਵੇਖਿਆ। ਉਸ ਵਿਚ ਕੀ ਵੇਖਿਆ? ਹਾਲੇ ਤੱਕ ਵੀ ਜਮਾ ਦਾ ਖ਼ਾਤਾ ਜਿੰਨਾਂ ਹੋਣਾ ਚਾਹੀਦਾ ਹੈ ਉਤਨਾ ਨਹੀਂ ਹੈ। ਸਮੇਂ, ਬੋਲ, ਸੰਕਲਪ ਵਿਅਰਥ ਵੀ ਜਾਂਦਾ। ਚਲਦੇ - ਚਲਦੇ ਕਦੇ ਸਮੇਂ ਦਾ ਮਹੱਤਵ ਇਮਰਜ ਰੂਪ ਵਿਚ ਘਟ ਹੁੰਦਾ ਹੈ। ਜੇਕਰ ਸਮੇਂ ਦਾ ਮਹੱਤਵ ਸਦਾ ਯਾਦ ਰਹੇ, ਇਮਰਜ ਰਹੇ ਤਾਂ ਸਮੇਂ ਨੂੰ ਹੋਰ ਜਿਆਦਾ ਸਫਲ ਬਣਾ ਸਕਦੇ ਹੋ। ਸਾਰੇ ਦਿਨ ਵਿਚ ਸਧਾਰਨ ਰੂਪ ਵਿਚ ਸਮਾਂ ਚਲਾ ਜਾਂਦਾ ਹੈ। ਗਲਤ ਨਹੀਂ ਪਰ ਸਧਾਰਨ। ਇਵੇਂ ਹੀ ਸੰਕਲਪ ਵੀ ਬੁਰੇ ਨਹੀਂ ਚਲਦੇ ਲੇਕਿਨ ਵਿਅਰਥ ਚਲੇ ਜਾਂਦੇ ਹਨ। ਇੱਕ ਘੰਟੇ ਦੀ ਚੈਕਿੰਗ ਕਰੋ, ਹਰ ਘੰਟੇ ਵਿਚ ਸਮੇਂ ਜਾਂ ਸੰਕਲਪ ਕਿੰਨੇ ਸਧਾਰਨ ਜਾਂਦੇ ਹਨ? ਜਮਾ ਨਹੀਂ ਹੁੰਦੇ ਹਨ। ਫਿਰ ਬਾਪਦਾਦਾ

ਇਸ਼ਾਰਾ ਵੀ ਦਿੰਦਾ ਹੈ, ਤਾਂ ਬਾਪਦਾਦਾ ਨੂੰ ਵੀ ਦਿਲਾਸੇ ਬਹੁਤ ਦਿੰਦੇ ਹਨ। ਬਾਬਾ, ਇਵੇਂ ਥੋੜ੍ਹਾ ਜਿਹਾ ਸੰਕਲਪ ਹੈ ਬਸ। ਬਾਕੀ ਨਹੀਂ, ਸੰਕਲਪ ਵਿਚ ਥੋੜ੍ਹਾ ਚਲਦਾ ਹੈ। ਸੰਪੂਰਨ ਹੋ ਜਾਵਾਂਗੇ। ਠੀਕ ਹੋ ਜਾਵਾਂਗੇ। ਹਾਲੇ ਅੰਤ ਥੋੜ੍ਹੀ ਨਾ ਆਇਆ ਹੈ, ਥੋੜ੍ਹਾ ਸਮੇਂ ਤਾਂ ਪਿਆ ਹੈ। ਸਮੇਂ ਤੇ ਸੰਪੰਨ ਹੋ ਜਾਵਾਂਗੇ। ਲੇਕਿਨ ਬਾਪਦਾਦਾ ਨੇ ਬਾਰ - ਬਾਰ ਕਹਿ ਦਿੱਤਾ ਹੈ ਕਿ ਜਮਾ ਬਹੁਤ ਸਮੇਂ ਦਾ ਚਾਹੀਦਾ ਹੈ। ਇਵੇਂ ਨਹੀਂ ਜਮਾ ਦਾ ਖ਼ਾਤਾ ਅੰਤ ਵਿਚ ਸੰਪੰਨ ਕਰੋਗੇ, ਸਮੇਂ ਆਉਣ ਤੇ ਬਣ ਜਾਵਾਂਗੇ। ਬਹੁਤ ਸਮੇਂ ਦਾ ਜਮਾ ਕੀਤਾ ਬਹੁਤ ਸਮੇਂ ਚਲਦਾ ਹੈ। ਵ੍ਰਸਾ ਲੈਣ ਨੂੰ ਤਾਂ ਸਾਰੇ ਕਹਿੰਦੇ ਹਨ ਅਸੀਂ ਤਾਂ ਲਕਸ਼ਮੀ - ਨਰਾਇਣ ਬਣਾਂਗੇ। ਜੇਕਰ ਹੱਥ ਉਠਵਾਉਂਗੇ ਤਾਂ ਤ੍ਰੇਤਾਯੁਗੀ ਬਣੋਗੇ? ਤਾਂ ਕੋਈ ਨਹੀਂ ਹੱਥ ਉਠਾਉਂਦਾ। ਅਤੇ ਲਕਸ਼ਮੀ - ਨਰਾਇਣ ਬਣੋਗੇ ? ਤਾਂ ਸਾਰੇ ਹੱਥ ਉਠਾਉਂਦੇ ਹਨ। ਜੇਕਰ ਬਹੁਤ ਸਮੇਂ ਦਾ ਜਮਾ ਦਾ ਖ਼ਾਤਾ ਹੋਵੇਗਾ ਤਾਂ ਪੂਰਾ ਵਰਸਾ ਮਿਲੇਗਾ। ਜੇਕਰ ਥੋੜ੍ਹਾ ਜਿਹਾ ਜਮਾ ਹੋਵੇਗਾ ਤਾਂ ਫੁਲ ਵਰਸਾ ਕਿਵੇਂ ਮਿਲੇਗਾ ? ਇਸਲਈ ਸਭ ਖਜਾਨਿਆਂ ਨੂੰ ਜਿੰਨਾਂ ਜਮਾ ਕਰ ਸਕੋ ਉਤਨਾ ਹੁਣੇ ਤੋਂ ਜਮਾ ਕਰੋ। ਹੋ ਜਾਵੇਗਾ, ਆ ਜਾਵਾਂਗੇ... ਗੇ ਗੇ ਨਹੀਂ ਕਰੋ। " ਕਰਨਾ ਹੀ ਹੈ" ਇਹ ਹੈ ਦ੍ਰਿੜਤਾ। ਅੰਮ੍ਰਿਤਵੇਲੇ ਜਦੋ ਬੈਠਦੇ ਹੋ, ਚੰਗੀ ਸਥਿਤੀ ਨਾਲ ਬੈਠਦੇ ਹਨ ਤਾਂ ਦਿਲ ਹੀ ਦਿਲ ਵਿਚ ਬਹੁਤ ਵਾਇਦੇ ਕਰਦੇ ਹਨ - ਇਹ ਕਰਾਂਗੇ, ਇਹ ਕਰਾਂਗੇ। ਕਮਾਲ ਕਰਕੇ ਵਿਖਾਵਾਂਗੇ... ਇਹ ਤਾਂ ਚੰਗੀ ਗੱਲ ਹੈ। ਸ੍ਰੇਸ਼ਠ ਸੰਕਲਪ ਕਰਦੇ ਹੋ ਪਰ ਬਾਪਦਾਦਾ ਕਹਿੰਦੇ ਹਨ ਇਨ੍ਹਾਂ ਸਭ ਵਾਦਿਆਂ ਨੂੰ ਕਰਮ ਵਿਚ ਲਿਆਓ। ਸਿਰਫ ਵਾਇਦਾ ਨਹੀਂ ਕਰੋ ਲੇਕਿਨ ਜੋਂ ਵੀ ਵਾਇਦੇ ਕਰਦੇ ਹੋ ਉਹ ਮਨ- ਵਚਨ ਅਤੇ ਕਰਮ ਵਿਚ ਲਿਆਵੋ। ਬੱਚੇ ਸੰਕਲਪ ਬਹੁਤ ਚੰਗੇ - ਚੰਗੇ ਕਰਦੇ ਹਨ, ਬਾਪਦਾਦਾ ਉਸ ਵੇਲੇ ਖੁਸ਼ ਹੁੰਦੇ ਹਨ ਕਿਉਂਕਿ ਹਿੰਮਤ ਤਾਂ ਰੱਖਦੇ ਹਨ ਨਾ। ਇਹ ਬਣਾਂਗੇ, ਇਹ ਬਣਾਂਗੇ, ਇਹ ਕਰਾਂਗੇ... ਹਿੰਮਤ ਬਹੁਤ ਚੰਗੀ ਰੱਖਦੇ ਹਨ। ਤਾਂ ਹਿੰਮਤ ਤੇ ਬਾਪਦਾਦਾ ਖੁਸ਼ ਹੁੰਦੇ ਹਨ। ਪ੍ਰੰਤੂ ਜਦੋਂ ਕਰਮ ਵਿਚ ਆਉਣਾ ਹੁੰਦਾ ਹੈ ਤਾਂ ਕਦੇ - ਕਦੇ ਹੋ ਜਾਂਦਾ ਹੈ। ਵਾਇਦਾ ਕਰਨਾ ਬਹੁਤ ਸੌਖਾ ਹੈ। ਲੇਕਿਨ ਕਰਮ ਵਿਚ ਕਰਨਾ ਮਾਨਾ ਵਾਇਦਾ ਨਿਭਾਉਣਾ। ਵਾਇਦੇ ਕਰਨ ਵਾਲੇ ਤੇ ਬਹੁਤ ਹਨ ਲੇਕਿਨ ਨਿਭਾਉਣ ਵਿਚ ਨੰਬਰਵਾਰ ਹੋ ਜਾਂਦੇ ਹਨ। ਤਾਂ ਸੰਕਲਪ ਅਤੇ ਕਰਮ ਨੂੰ, ਪਲਾਨ ਅਤੇ ਪ੍ਰੈਕਟਿਕਲ ਦੋਵਾਂ ਨੂੰ ਸਮਾਨ ਬਣਾਓ। ਬਣਾ ਸਕਦੇ ਹੋ ਨਾ? ਬਿਜਨੈਸ ਵਾਲੇ ਆਏ ਹਨ। ਬਿਜਨੈਸ ਵਾਲੇ ਤਾਂ ਬਿਜਨੈਸ ਕਰਨਾ ਜਾਣਦੇ ਹਨ ਨਾ! ਜਮਾ ਕਰਨਾ ਜਾਣਦੇ ਹਨ ਨਾ! ਅਤੇ ਇੰਜੀਨੀਅਰ ਅਤੇ ਵਿਗਿਆਨਿਕ ਵੀ ਪ੍ਰੈਕਟਿਕਲ ਵਿਚ ਕੰਮ ਕਰਦੇ ਹਨ। ਅਤੇ ਜੋ ਰੂਰਲ( ਗ੍ਰਾਮੀਣ ਪ੍ਰਭਾਗ) ਹਨ, ਬਾਪਦਾਦਾ ਉਨ੍ਹਾਂ ਨੂੰ ਰੂਰਲ ਕਹਿੰਦੇ ਹਨ, ਕਿਉਂਕਿ ਜੇਕਰ ਇਹ ਸੇਵਾ ਨਹੀਂ ਕਰਦੇ ਤਾਂ ਕੋਈ ਨਹੀਂ ਚੱਲ ਪਾਉਂਦੇ। ਤਾਂ ਤਿੰਨੇ ਹੀ ਵਿੰਗ ਜੋ ਆਏ ਹਨ ਉਹ ਕਰਮ ਕਰਨ ਵਾਲੇ ਹਨ। ਸਿਰਫ ਕਹਿਣ ਵਾਲੇ ਨਹੀਂ, ਕਰਨ ਵਾਲੇ ਹਨ। ਤਾਂ ਸਾਰੇ ਵਾਇਦੇ ਕਰਮ ਵਿਚ ਨਿਭਾਉਣ ਵਾਲਿਆਂ ਆਤਮਾਵਾਂ ਹੋ ਨਾ! ਜਾਂ ਸਿਰਫ ਵਾਇਦਾ ਕਰਨ ਵਾਲੇ ਹੈ ? ਵਾਇਦੇ ਦੇ ਸਮੇਂ ਤਾਂ ਬਾਪਦਾਦਾ ਨੂੰ ਹਿੰਮਤ ਵਿਖਾਕੇ ਖੁਸ਼ ਕਰ ਦਿੰਦੇ ਹਨ। ਬਾਪਦਾਦਾ ਦੇ ਕੋਲ ਹਰ ਇੱਕ ਬੱਚੇ ਦੇ ਵਾਇਦੇ ਦਾ ਫ਼ਾਇਲ ਹੈ। ਉੱਥੇ (ਵਤਨ ਵਿਚ) ਵਾਇਦਿਆਂ ਦਾ ਫ਼ਾਇਲ ਰੱਖਣ ਲਈ ਅਲਮਾਰੀ ਜਾਂ ਜਗ੍ਹਾ ਦੀ ਤੇ ਗੱਲ ਹੈ ਨਹੀਂ। ਕਦੇ - ਕਦੇ ਬਾਪਦਾਦਾ ਆਪਣਾ ਅਲੌਕਿਕ ਟੀ. ਵੀ. ਅਚਾਨਕ ਖੋਲ੍ਹਦੇ ਹਨ। ਸਦਾ ਨਹੀਂ ਖੋਲ੍ਹਦੇ ਹਨ, ਕਦੇ - ਕਦੇ ਖੋਲ੍ਹਦੇ ਹਨ ਤਾਂ ਸਭ ਸੁਨਣ ਵਿਚ ਆਉਂਦਾ ਹੈ। ਜੋ ਆਪਸ ਵਿੱਚ ਬੋਲਚਾਲ ਕਰਦੇ ਹਨ, ਉਹ ਵੀ ਸੁਣਦੇ ਹਨ। ਇਸਲਈ ਬਾਪਦਾਦਾ ਕਹਿੰਦੇ ਹਨ - ਵਿਅਰਥ ਨੂੰ ਜਮਾ ਦੇ ਖਾਤੇ ਵਿੱਚ ਜਮਾ ਕਰੋ।

ਬ੍ਰਾਹਮਣ ਮਤਲਬ ਅਲੌਕਿਕ। ਬ੍ਰਾਹਮਣ ਜੀਵਨ ਦਾ ਮਹੱਤਵ ਬਹੁਤ ਵੱਡਾ ਹੈ। ਪ੍ਰਾਪਤੀਆਂ ਬਹੁਤ ਵੱਡੀਆਂ ਹਨ। ਸਵਮਾਨ ਬਹੁਤ ਵੱਡਾ ਹੈ ਅਤੇ ਸੰਗਮ ਦੇ ਸਮੇਂ ਤੇ ਬਾਪ ਦਾ ਬਣਨਾ, ਇਹ ਵੱਡੇ ਤੋਂ ਵਡਾ ਪਦਮਗੁਣਾਂ ਭਾਗ ਹੈ ਇਸਲਈ ਬਾਪਦਾਦਾ ਕਹਿੰਦੇ ਹਨ ਕਿ ਹਰ ਖਜਾਨੇ ਦਾ ਮਹੱਤਵ ਰਾਖੋ। ਜਿਵੇਂ ਦੂਜਿਆਂ ਨੂੰ ਭਾਸ਼ਣ ਵਿਚ ਸੰਗਮਯੁੱਗ ਦੀ ਕਿੰਨੀ ਮਹਿਮਾ ਸੁਣਾਉਂਦੇ ਹੋ। ਜੇਕਰ ਤੁਹਾਨੂੰ ਕੋਈ ਟਾਪਿਕ ਦੇਵੇਂ ਕਿ ਸੰਗਮਯੁੱਗ ਦੀ ਮਹਿਮਾ ਕਰੋ ਤਾਂ ਕਿਨਾਂ ਸਮੇਂ ਕਰ ਸਕਦੇ ਹੋ? ਇੱਕ ਘੰਟਾ ਕਰ ਸਕਦੇ ਹੋ? ਟੀਚਰਜ਼ ਬੋਲੋ। ਜੋ ਕਰ ਸਕਦਾ ਹੈ ਉਹ ਹੱਥ ਉਠਾਵੋ। ਤਾਂ ਜਿਵੇਂ ਦੂਜਿਆਂ ਨੂੰ ਮਹੱਤਵ ਸੁਣਾਉਂਦੇ ਹੋ, ਮਹੱਤਵ ਜਾਣਦੇ ਬਹੁਤ ਚੰਗਾ ਹੋ। ਬਾਪਦਾਦਾ ਇਵੇਂ ਨਹੀਂ ਕਹਿਣਗੇ ਕਿ ਜਾਣਦੇ ਨਹੀਂ ਹਨ। ਜਦ ਸੁਣਾ ਸਕਦੇ ਹੋ ਤਾਂ ਜਾਣਦੇ ਹੋ ਤਾਂ ਤੇ ਸੁਣਾਉਂਦੇ ਹੋ। ਸਿਰਫ ਹੈ ਕੀ ਕੀ ਮਰਜ਼ ਹੋ ਜਾਂਦਾ ਹੈ। ਈਮਰਜ ਰੂਪ ਵਿਚ ਸਮ੍ਰਿਤੀ ਰਹੇ - ਉਹ ਕਦੇ ਘੱਟ ਹੋ ਜਾਂਦਾ ਹੈ, ਕਦੇ ਜਿਆਦਾ। ਤਾਂ ਆਪਣਾ ਈਸ਼ਵਰੀ ਨਸ਼ਾ ਇਮਰਜ ਰੱਖੋ। ਹਾਂ ਮੈਂ ਤਾਂ ਹੋ ਗਈ... ਹੋ ਗਿਆ.. ਨਹੀਂ। ਪ੍ਰੈਕਟਿਕਲ ਵਿਚ ਹਾਂ... ਇਹ ਇਮਰਜ ਰੂਪ ਵਿਚ ਹੋਵੇ। ਨਿਸ਼ਚੇ ਹੈ ਲੇਕਿਨ ਨਿਸ਼ਚੇ ਦੀ ਨਿਸ਼ਾਨੀ ਹੈ ਰੂਹਾਨੀ ਨਸ਼ਾ। ਤਾਂ ਸਾਰਾ ਸਮੇਂ ਨਸ਼ਾ ਰਹੇ। ਰੂਹਾਨੀ ਨਸ਼ਾ - ਮੈਂ- ਕੌਣ! ਇਹ ਨਸ਼ਾ ਇਮਰਜ ਰੂਪ ਵਿਚ ਹੋਵੇਗਾ ਤਾਂ ਹਰ ਸੈਕਿੰਡ ਜਮਾ ਹੁੰਦਾ ਜਾਵੇਗਾ।

ਤਾਂ ਅੱਜ ਬਾਪਦਾਦਾ ਨੇ ਜਮਾ ਦਾ ਖ਼ਾਤਾ ਵੇਖਿਆ ਇਸਲਈ ਅੱਜ ਵਿਸ਼ੇਸ਼ ਅਟੇਂਸ਼ਨ ਦਵਾ ਰਹੇ ਹਨ ਕਿ ਸਮੇਂ ਦੀ ਸਮਾਪਤੀ ਅਚਾਨਕ ਹੋਣੀ ਹੈ। ਇਹ ਨਹੀਂ ਸੋਚੋ ਕਿ ਪਤਾ ਤੇ ਪੈਂਦਾ ਰਹੇਗਾ, ਸਮੇਂ ਤੇ ਠੀਕ ਹੋ ਜਾਵਾਂਗੇ। ਜੋ ਸਮੇਂ ਦਾ ਆਧਾਰ ਲੈਂਦਾ ਹੈ, ਸਮੇਂ ਠੀਕ ਕਰ ਦਵੇਗਾ, ਜਾਂ ਸਮੇਂ ਤੇ ਹੋ ਜਾਵੇਗਾ... ਉਨ੍ਹਾਂ ਦਾ ਟੀਚਰ ਕੌਣ ? ਸਮੇਂ ਜਾਂ ਖੁਦ ਪਰਮ ਆਤਮਾ ? ਪਰਮ ਆਤਮਾ ਤੋਂ ਸੰਪੰਨ ਨਹੀਂ ਬਣ ਸਕੇ ਅਤੇ ਸਮੇਂ ਸੰਪੰਨ ਬਣਾਵੇਗਾ, ਤਾਂ ਇਸਨੂੰ ਕੀ ਕਹਾਂਗੇ ? ਸਮੇਂ ਤੁਹਾਡਾ ਮਾਸਟਰ ਹੈ ਹਨ ਪਰਮਾਤਮਾ ਤੁਹਾਡਾ ਸਿੱਖਿਅਕ ਹੈ ? ਤਾਂ ਡਰਾਮਾ ਅਨੁਸਾਰ ਜੇਕਰ ਸਮੇਂ ਤੁਹਾਨੂੰ ਸਿਖਾਵੇਗਾ ਜਾਂ ਸਮੇਂ ਦੇ ਆਧਾਰ ਤੇ ਪਰਿਵਰਤਨ ਹੋਵੇਗਾ ਤਾਂ ਬਾਪਦਾਦਾ ਜਾਣਦੇ ਹਨ ਕਿ ਪ੍ਰਾਲਬਧ ਵੀ ਸਮੇਂ ਤੇ ਮਿਲੇਗੀ ਕਿਉਂਕਿ ਸਮੇਂ ਟੀਚਰ ਹੈ। ਸਮੇਂ ਤੁਹਾਡਾ ਇੰਤਜ਼ਾਰ ਕਰ ਰਿਹਾ ਹੈ, ਤੁਸੀਂ ਸਮੇਂ ਦਾ ਇੰਤਜ਼ਾਰ ਨਹੀਂ ਕਰੋ। ਉਹ ਰਚਨਾ ਹੈ, ਤੁਸੀ ਮਾਸਟਰ ਰਚਤਾ ਹੋ। ਤਾਂ ਰਚਤਾ ਦਾ ਇੰਤਜਾਰ ਰਚਨਾ ਕਰੇ, ਤੁਸੀ ਮਾਸਟਰ ਰਚਤਾ ਸਮੇਂਦਾ ਇੰਤਜਾਰ ਨਹੀਂ ਕਰੋ। ਹੋਰ ਮੁਸ਼ਕਿਲ ਹੈ ਵੀ ਕੀ? ਸਹਿਜ ਨੂੰ ਖੁਦ ਹੀ ਮੁਸ਼ਕਿਲ ਬਣਾਉਂਦੇ ਹੋ। ਮੁਸ਼ਕਿਲ ਹੈ ਨਹੀਂ, ਮੁਸ਼ਕਿਲ ਬਣਾਉਂਦੇ ਹੋ। ਜਦੋਂ ਬਾਪ ਕਹਿੰਦੇ ਹਨ ਜੋ ਵੀ ਬੋਝ ਲਗਦਾ ਹੈ ਉਹ ਬੋਝ ਬਾਪ ਨੂੰ ਦੇ ਦੇਵੋ। ਉਹ ਦੇਣਾ ਨਹੀਂ ਆਉਂਦਾ। ਬੋਝ ਉਠਾਉਂਦੇ ਵੀ ਹੋ ਅਤੇ ਫਿਰ ਥੱਕ ਵੀ

ਜਾਂਦੇ ਹੋ ਫਿਰ ਬਾਪ ਨੂੰ ਉਲਾਹਮਾ ਵੀ ਦਿੰਦੇ ਹੋ - ਕੀ ਕਰੀਏ, ਕਿਵੇਂ ਕਰੀਏ... ਆਪਣੇ ਉਪਰ ਬੋਝ ਉਠਾਉਂਦੇ ਕਿਉਂ ਹੋ? ਬਾਪ ਆਫਰ ਕਰ ਰਿਹਾ ਹੈ ਆਪਣਾ ਸਭ ਬੋਝ ਬਾਪ ਦੇ ਹਵਾਲੇ ਕਰੋ। 63 ਜਨਮ ਬੋਝ ਚੁੱਕਣ ਦੀ ਆਦਤ ਪਈ ਹੋਈ ਹੈ ਨਾ! ਤਾਂ ਆਦਤ ਤੋਂ ਮਜਬੂਰ ਹੋ ਜਾਂਦੇ ਹੋ, ਇਸਲਈ ਮਿਹਨਤ ਕਰਨੀ ਪੈਂਦੀ ਹੈ। ਕਦੇ ਸਹਿਜ, ਕਦੇ ਮੁਸ਼ਕਿਲ। ਜਾਂ ਤੇ ਕੋਈ ਵੀ ਕੰਮ ਸਹਿਜ ਹੁੰਦਾ ਹੈ ਜਾਂ ਮੁਸ਼ਕਿਲ ਹੁੰਦਾ ਹੈ। ਕਦੇ ਸਹਿਜ ਕਦੇ ਮੁਸ਼ਕਿਲ ਕਿਓਂ ? ਕੋਈ ਕਾਰਣ ਹੋਵੇਗਾ ਨਾ! ਕਾਰਣ ਹੈ - ਆਦਤ ਤੋਂ ਮਜਬੂਰ ਹੋ ਜਾਂਦੇ ਹਨ ਅਤੇ ਬਾਪਦਾਦਾ ਨੂੰ ਬੱਚਿਆਂ ਦੀ ਮਿਹਨਤ ਕਰਨਾ, ਇਹ ਹੀ ਸਭ ਤੋਂ ਵੱਡੀ ਗੱਲ ਲਗਦੀ ਹੈ। ਚੰਗੀ ਨਹੀਂ ਲਗਦੀ ਹੈ। ਮਾਸਟਰ ਸਰਵਸ਼ਕਤੀਮਾਨ ਅਤੇ ਮੁਸ਼ਕਿਲ ? ਟਾਈਟਲ ਆਪਣੇ ਨੂੰ ਕੀ ਦਿੰਦੇ ਹੋ? ਮੁਸ਼ਕਿਲ ਯੋਗੀ ਜਾਂ ਸਹਿਜ ਯੋਗੀ ? ਨਹੀਂ ਤਾਂ ਆਪਣਾ ਟਾਈਟਲ ਚੇਂਜ ਕਰੋ ਕਿ ਅਸੀਂ ਸਹਿਜਯੋਗੀ ਨਹੀਂ ਹਾਂ। ਕਦੇ ਸਹਿਜਯੋਗੀ, ਕਦੇ ਮੁਸ਼ਕਿਲ ਯੋਗੀ ? ਹੋਰ ਯੋਗ ਹੈ ਹੀ ਕੀ ? ਬਸ ਯਾਦ ਕਰਨਾ ਹੈ ਨਾ। ਅਤੇ ਪਾਵਰਫੁਲ ਯੋਗ ਦੇ ਸਾਮਨੇ ਮੁਸ਼ਕਿਲ ਹੋ ਹੀ ਨਹੀਂ ਸਕਦੀ। ਯੋਗ ਲਗਨ ਦੀ ਅਗਨੀ ਹੈ। ਅਗਨੀ ਕਿਸੇ ਵੀ ਮੁਸ਼ਕਿਲ ਚੀਜ ਨੂੰ ਬਦਲ ਦਿੰਦੀ ਹੈ। ਲੋਹਾ ਵੀ ਮੋਲਡ ਹੋ ਜਾਂਦਾ ਹੈ। ਇਹ ਲਗਨ ਦੀ ਅਗਨੀ ਕੀ ਮੁਸ਼ਕਿਲ ਨੂੰ ਸਹਿਜ ਨਹੀਂ ਕਰ ਸਕਦੀ ਹੈ? ਕਈ ਬੱਚੇ ਬਹੁਤ ਚੰਗੀਆਂ - ਚੰਗੀਆਂ ਗੱਲਾਂ ਸੁਣਾਉਂਦੇ ਹਨ, ਬਾਬਾ ਕੀ ਕਰੀਏ ਵਾਯੂਮੰਡਲ ਅਜਿਹਾ ਹੈ, ਸਾਥੀ ਅਜਿਹਾ ਹੈ। ਹੰਸ, ਬਗੁਲੇ ਹਨ, ਕੀ ਕਰੀਏ ਪੁਰਾਣੇ ਹਿਸਾਬ ਕਿਤਾਬ ਹਨ। ਗੱਲਾਂ ਬਹੁਤ ਚੰਗੀਆਂ - ਚੰਗੀਆਂ ਕਹਿੰਦੇ ਹਨ। ਬਾਪ ਪੁੱਛਦੇ ਹਨ, ਤੁਸੀ ਬ੍ਰਾਹਮਣਾਂ ਨੇ ਕਿਹੜਾ ਠੇਕਾ ਚੁੱਕਿਆ ਹੈ? ਠੇਕਾ ਤੇ ਚੁੱਕਿਆ ਹੈ ਵਿਸ਼ਵ ਪਰਿਵਰਤਨ ਕਰਾਂਗੇ। ਤਾਂ ਜੋ ਵਿਸ਼ਵ ਪ੍ਰੀਵਰਤਨ ਕਰਦਾ ਹੈ ਉਹ ਆਪਣੀਆਂ ਮੁਸ਼ਕਿਲਾਂ ਨੂੰ ਨਹੀਂ ਮਿਟਾ ਸਕਦਾ ?

ਤਾਂ ਅੱਜ ਕੀ ਕਰੋਗੇ ? ਜਮਾ ਦਾ ਖ਼ਾਤਾ ਵਧਾਓ। ਤਾਂ ਜੋ ਕਹਿੰਦੇ ਹੋ ਸਹਿਜ ਯੋਗੀ, ਇਹ ਅਨੁਭਵ ਕਰੋਗੇ। ਕਦੇ ਮੁਸ਼ਕਿਲ ਕਦੇ ਸਹਿਜ, ਇਸ ਵਿਚ ਮਜਾ ਨਹੀਂ ਹੈ। ਬ੍ਰਾਹਮਣ ਜੀਵਨ ਹੈ ਮਜੇ ਦੀ। ਸੰਗਮਯੁਗ ਹੈ ਮਜੇ ਦਾ ਯੁੱਗ। ਬੋਝ ਚੁੱਕਣ ਦਾ ਯੁੱਗ ਨਹੀਂ ਹੈ। ਬੋਝ ਉਤਾਰਨ ਦਾ ਯੁੱਗ ਹੈ। ਤਾਂ ਚੈਕ ਕਰੋ, ਆਪਣੀ ਤਕਦੀਰ ਦੀ ਤਸਵੀਰ ਨਾਲੇਜ ਦੇ ਸ਼ੀਸ਼ੇ ਵਿਚ ਚੰਗੀ ਤਰ੍ਹਾਂ ਵੇਖੋ। ਆਈਨਾ ਤੇ ਹੈ ਨਾ? ਜਾਂ ਨਹੀਂ ਹੈ ? ਟੁੱਟ ਤੇ ਨਹੀਂ ਗਿਆ ਹੈ ਨਾ ? ਸਭ ਨੂੰ ਆਈਨਾ ਮਿਲਿਆ ਹੈ ? ਮਾਤਾਵਾਂ, ਆਇਨਾਂ ਮਿਲਿਆ ਹੈ ਜਾਂ ਚੋਰੀ ਹੋ ਗਿਆ ਹੈ ? ਪਾਂਡਵ ਤੇ ਸੰਭਾਲਣ ਵਿਚ ਹੁਸ਼ਿਆਰ ਹਨ ਨਾ ? ਆਈਨਾ ਹੈ ? ਹੱਥ ਤੇ ਚੰਗਾ ਚੁੱਕਿਆ ਹੈ। ਚੰਗਾ ਹੈ। ਤਕਦੀਰ ਦੀ ਤਸਵੀਰ ਵੇਖੋ ਅਤੇ ਸਦਾ ਆਪਣੇ ਤਕਦੀਰ ਦੀ ਤਸਵੀਰ ਵੇਖ ਵਾਹ - ਵਾਹ ਦਾ ਗੀਤ ਗਾਵੋ। ਵਾਹ ਮੇਰੀ ਤਕਦੀਰ। ਵਾਹ ਮੇਰਾ ਬਾਬਾ। ਵਾਹ ਮੇਰਾ ਪਰਿਵਾਰ। ਪਰਿਵਾਰ ਵੀ ਵਾਹ - ਵਾਹ ਹੈ! ਇਵੇਂ ਨਹੀਂ ਇਹ ਤਾਂ ਬਹੁਤ ਵਾਹ - ਵਾਹ ਹੈ, ਇਹ ਥੋੜ੍ਹਾ ਇਵੇਂ ਦਾ ਹੈ। ਨਹੀਂ। ਵਾਹ ਮੇਰਾ ਪਰਿਵਾਰ! ਵਾਹ ਮੇਰਾ ਭਾਗ! ਅਤੇ ਵਾਹ ਮੇਰਾ ਬਾਬਾ! ਬ੍ਰਾਹਮਣ ਜੀਵਨ ਮਤਲਬ ਵਾਹ - ਵਾਹ! ਹਾਏ - ਹਾਏ ਨਹੀਂ। ਸ਼ਰੀਰਕ ਬਿਮਾਰੀ ਵਿਚ ਵੀ ਹਾਏ - ਹਾਏ ਨਹੀਂ, ਵਾਹ! ਇਹ ਵੀ ਬੋਝ ਉਤਰਦਾ ਹੈ। ਜੇਕਰ ਦਸ ਮਨ ਵਿਚੋਂ ਤੁਹਾਡਾ 3-4 ਮਨ ਬੋਝ ਉਤਰ ਜਾਵੇ ਤਾਂ ਚੰਗਾ ਹੈ ਜਾਂ ਹਾਏ – ਹਾਏ ? ਕੀ ਹੈ ? ਵਾਹ ਬੋਝ ਉਤਰਿਆ! ਹਾਏ ਮੇਰਾ ਪਾਰਟ ਹੀ ਅਜਿਹਾ ਹੈ! ਹਾਏ ਮੈਨੂੰ ਵਿਆਧੀ ਛੱਡਦੀ ਹੀ ਨਹੀਂ ਹੈ! ਤੁਸੀਂ ਛੱਡੋ ਜਾਂ ਵਿਆਧੀ ਛੱਡੇਗੀ ? ਵਾਹ - ਵਾਹ ਕਰਦੇ ਜਾਵੋ, ਵਾਹ - ਵਾਹ ਕਰਨ ਨਾਲ ਵਿਆਧੀ ਵੀ ਖੁਸ਼ ਹੋ ਜਾਵੇਗੀ। ਦੇਖੋ, ਇੱਥੇ ਵੀ ਇਵੇਂ ਹੁੰਦਾ ਹੈ ਨਾ। ਕਿਸੇ ਦੀ ਮਹਿਮਾ ਕਰਦੇ ਹੋ ਤਾਂ ਵਾਹ - ਵਾਹ ਕਰਦੇ ਹਨ। ਤਾਂ ਵਿਆਧੀ ਨੂੰ ਵੀ ਵਾਹ - ਵਾਹ ਕਹੋ। ਹਾਏ ਇਹ ਮੇਰੇ ਕੋਲ ਹੀ ਕਿਉਂ ਆਈ, ਮੇਰਾ ਹੀ ਹਿਸਾਬ ਹੈ! ਪ੍ਰਾਪਤੀ ਦੇ ਅੱਗੇ ਹਿਸਾਬ ਤੇ ਕੁਝ ਵੀ ਨਹੀਂ ਹੈ। ਪ੍ਰਾਪਤੀਆਂ ਸਾਮਨੇ ਰੱਖੋ ਅਤੇ ਹਿਸਾਬ - ਕਿਤਾਬ ਸਾਮਨੇ ਰੱਖੋ ਤਾਂ ਉਹ ਕੀ ਲੱਗੇਗਾ ? ਬਹੁਤ ਛੋਟੀ ਜਿਹੀ ਚੀਜ ਲੱਗੇਗੀ। ਮਤਲਬ ਤਾਂ ਬ੍ਰਾਹਮਣ ਜੀਵਨ ਵਿਚ ਕੁਝ ਵੀ ਹੋ ਜਾਵੇ , ਪਾਜ਼ਿਟਿਵ ਰੂਪ ਵਿਚ ਵੇਖੋ। ਨੈਗੇਟਿਵ ਨੂੰ ਪਾਜ਼ਿਟਿਵ ਕਰਨਾ ਤੇ ਆਉਂਦਾ ਹੈ ਨਾ। ਨੈਗੇਟਿਵ ਪਾਜ਼ਿਟਿਵ ਦਾ ਕੋਰਸ ਵੀ ਤੇ ਕਰਾਉਂਦੇ ਹੋ ਨਾ! ਤਾਂ ਉਸ ਵੇਲੇ ਆਪਣੇ ਆਪ ਨੂੰ ਕੋਰਸ ਕਰਵਾਓ ਤਾਂ ਮੁਸ਼ਕਿਲ ਸਹਿਜ ਹੋ ਜਾਵੇਗੀ। ਕੁਸ਼ਕਿਲ ਸ਼ਬਦ ਬ੍ਰਾਹਮਣਾਂ ਦੀ ਡੀਕਸ਼ਨਰੀ ਵਿਚ ਨਹੀਂ ਹੋਣਾ ਚਾਹੀਦਾ। ਚੰਗਾ - ਕੋਈ ਵੀ ਹਿਸਾਬ ਹੈ, ਆਤਮਾ ਤੋਂ ਹੈ, ਸ਼ਰੀਰ ਤੋਂ ਹੈ, ਜਾਂ ਪ੍ਰਕ੍ਰਿਤੀ ਵਲੋਂ ਹੈ; ਕਿਉਂਕਿ ਪ੍ਰਕ੍ਰਿਤੀ ਦੇ ਇਹ ਪੰਜ ਤਤਵ ਵੀ ਕਈ ਵਾਰੀ ਮੁਸ਼ਕਿਲ ਦਾ ਅਨੁਭਵ ਕਰਾਉਂਦੇ ਹਨ। ਕੋਈ ਵੀ ਹਿਸਾਬ - ਕਿਤਾਬ ਯੋਗ ਅਗਨੀ ਵਿਚ ਭਸਮ ਕਰ ਲਓ। ਸਮਝਾ ਕੀ ਕਰਨਾ ਹੈ? ਜਮਾ ਦਾ ਖ਼ਾਤਾ ਵਧਾਓ। ਬੋਲ ਵਿਚ ਵੀ ਸਧਾਰਨ ਬੋਲ ਨਹੀਂ, ਬੋਲ ਵਿੱਚ ਵੀ ਵੱਖ - ਵੱਖ ਭਾਵ ਅਤੇ ਭਾਵਨਾ ਹੁੰਦੀ ਹੈ ਅਤੇ ਬੋਲ ਦ੍ਵਾਰਾ ਭਾਵਨਾ ਅਤੇ ਭਾਵ ਦਾ ਪਤਾ ਚੱਲ ਜਾਂਦਾ ਹੈ। ਤਾਂ ਸਦਾ ਜੋ ਵੀ ਬੋਲ ਬੋਲੋ ਉਸ ਵਿਚ ਆਤਮਿਕ ਭਾਵ ਹੋਵੇ ਅਤੇ ਸ਼ੁਭ ਅਤੇ ਸ੍ਰੇਸ਼ਠ ਭਾਵਨਾ ਹੋਵੇ। ਬੋਲ ਵੀ ਅਤੇ ਭਾਵਨਾ ਵੀ। ਮਾਇਆ ਦੀ ਜੋ ਭਾਵਨਾ ਹੈ ਉਹ ਹੈ ਈਰਖਾ ਹਸਦ, ਘ੍ਰਿਣਾ... ਇਹ ਮਾਇਆ ਦੀ ਭਾਵਨਾ ਹੈ। ਸਦਾ ਸ਼ੁਭ ਭਾਵ ਅਤੇ ਭਾਵਨਾ ਹੋ। ਅਜਿਹਾ ਹੈ? ਚੈਕ ਕਰਨਾ। ਸਮੇਂ ਦਾ ਖਜਾਨਾ, ਬੋਲ ਦਾ ਖਜਾਨਾ, ਸੰਕਲਪਾਂ ਦਾ ਖਜਾਨਾ, ਸ਼ਕਤੀਆਂਦਾ ਖਜਾਨਾ, ਗਿਆਨ ਦਾ ਖਜਾਨਾ, ਗੁਣਾਂ ਦਾ ਖਜਾਨਾ... ਇੱਕ - ਇੱਕ ਖਜਾਨੇ ਨੂੰ ਚੈਕ ਕਰੋ ਕਿਉਂਕਿ ਹਰ ਖਜਾਨੇ ਦਾ ਖ਼ਾਤਾ ਜਮਾ ਕਰਨਾ ਹੈ। ਇਨ੍ਹਾਂ ਸਭ ਖਜਾਨਿਆਂ ਦਾ ਖ਼ਾਤਾ ਭਰਪੂਰ ਹੋਵੇ ਤਾਂ ਖੰਗੇ ਫੁਲ ਮਾਰਕਸ ਮਤਲਬ ਪਾਸ ਵਿਧ ਆਨਰ। ਇਵੇਂ ਨਹੀਂ ਸੋਚਣਾ - ਇੱਕ ਖਜਾਨਾ ਜੇਕਰ ਘੱਟ ਜਮਾ ਹੈ ਤਾਂ ਕੀ ਹਰਜ਼ ਹੈ ਲੇਕਿਨ ਪਾਸ ਵਿਚ ਆਨਰ ਬਣਨ ਦੇ ਲਈ ਸਰਵ ਖਜਾਨਿਆਂ ਦਾ ਖ਼ਾਤਾ ਭਰਪੂਰ ਹੋਵੇ। ਚੰਗਾ – ਜੋ ਇੱਕ ਸੈਕਿੰਡ ਵਿਚ ਆਪਣੇ ਸੰਕਲਪ ਨੂੰ ਜਿੱਥੇ ਚਾਹੋ, ਜੋ ਸੋਚਣਾ ਚਾਹੋ ਉਹ ਹੀ ਸੋਚ ਚਲਦਾ ਰਹੇ, ਇਵੇਂ ਜੋ ਸਮਝਦੇ ਹਨ, ਉਹ ਹੱਥ ਉਠਾਓ। ਇੱਕ ਸੈਕਿੰਡ ਵਿਚ ਮਾਇੰਡ ਕੰਟ੍ਰੋਲ ਹੋ ਜਾਵੇ, ਇੱਕ ਸੈਕਿੰਡ ਵਿਚ ਹੋ ਸਕਦਾ ਹੈ? ਜੇਕਰ ਕਰ ਸਕਦੇ ਹੋ ਤਾਂ ਹੱਥ ਉਠਾਓ।

ਚੰਗਾ - ਇਸ ਵਾਯੂਮੰਡਲ ਵਿਚ, ਮਧੂਬਨ ਵਿਚ ਬੈਠੇ ਹੋ। ਮਧੂਬਨ ਦਾ ਵਾਯੂਮੰਡਲ ਪਾਵਰਫੁਲ ਹੈ, ਇਸ ਵਾਯੂਮੰਡਲ ਵਿਚ ਇਸ ਵੇਲੇ ਮਨ ਨੂੰ ਕੰਟਰੋਲ ਕਰ ਸਕਦੇ ਹੋ ? ਭਾਵੇਂ ਮਿੰਟ ਵਿਚ ਕਰੋ, ਭਾਵੇਂ ਸੈਕਿੰਡ ਵਿਚ ਕਰੋ ਲੇਕਿਨ ਕਰ ਸਕਦੇ ਹੋ ? ਆਰਡਰ ਦਵੋ ਮਨ ਨੂੰ,

ਬਸ ਆਤਮਾ ਪਰਮਧਾਮ ਨਿਵਾਸੀ ਬਣ ਜਾਵੋ। ਵੇਖੋ ਮਨ ਆਰਡਰ ਮੰਨਦਾ ਹੈ ਜਾਂ ਨਹੀਂ ਮੰਨਦਾ ਹੈ ?(ਡਰਿੱਲ) ਚੰਗਾ।

ਚਾਰੋਂ ਪਾਸੇ ਦੇ ਸਰਵ ਖਜਾਨਿਆਂ ਦੇ ਮਾਲਿਕ ਬਚਿਆਂ ਨੂੰ, ਸਦਾ ਮੁਸ਼ਕਿਲ ਨੂੰ ਸੈਕਿੰਡ ਵਿਚ ਬਦਲਣ ਵਾਲੇ ਸਦਾ ਸਹਿਜ਼ਯੋਗੀ, ਸਦਾ ਸੰਕਲਪ, ਸਮੇਂ,ਬੋਲ, ਕਰਮ ਨੂੰ ਸ੍ਰੇਸ਼ਠ ਬਨਾਉਣ ਵਾਲੇ, ਸਦਾ ਬੱਚਤ ਦਾ ਖ਼ਾਤਾ ਵਧਾਉਣ ਵਾਲੇ, ਸਦਾ ਮਨ ਦੇ ਮਾਲਿਕ,ਮਨ - ਬੁੱਧੀ - ਸੰਸਕਾਰ ਨੂੰ ਆਰਡਰ ਵਿਚ ਚਲਾਉਣ ਵਾਲੇ, ਅਜਿਹੇ ਸਵਰਾਜ ਅਧਿਕਾਰੀ ਬੱਚਿਆਂ ਨੂੰ, ਭਾਵੇਂ ਦੇਸ਼ ਵਿਚ ਹਨ ਭਾਵੇਂ ਵਿਦੇਸ਼ ਵਿਚ ਹਨ ਪਰ ਦਿਲ ਤੋਂ ਦੂਰ ਨਹੀਂ ਹਨ, ਅਜਿਹੇ ਚਾਰੋਂ ਪਾਸੇ ਦੇ ਬੱਚਿਆਂ ਨੂੰ ਬਾਪਦਾਦਾ ਦਾ ਯਾਦਪਿਆਰ ਅਤੇ ਨਮਸਤੇ।

ਵਰਦਾਨ:- ਉੱਚਾ ਬਾਪ, ਉੱਚੇ ਅਸੀਂ ਅਤੇ ਉੱਚਾ ਕੰਮ ਇਸ ਸਮ੍ਰਿਤੀ ਨਾਲ ਸ਼ਕਤੀਸ਼ਾਲੀ ਬਣਨ ਵਾਲੇ ਬਾਪ ਸਮਾਨ ਭਵ।
ਜਿਵੇਂ ਅੱਜਕਲ ਦੀ ਦੁਨੀਆ ਵਿਚ ਕੋਈ ਵੀ. ਆਈ. ਪੀ ਦਾ ਬੱਚਾ ਹੋਵੇਗਾ ਤਾਂ ਉਹ ਖੁਦ ਨੂੰ ਵੀ ਵੀ. ਆਈ. ਪੀ ਸਮਝੇਗਾ। ਲੇਕਿਨ ਬਾਪ ਤੋਂ ਉੱਚਾ ਤੇ ਕੋਈ ਨਹੀਂ ਹੈ। ਅਸੀ ਅਜਿਹੇ ਉੱਚੇ ਤੇ ਉੱਚੇ ਬਾਪ ਦੀ ਸੰਤਾਨ ਉੱਚੀਆਂ ਆਤਮਾਵਾਂ ਹਾਂ - ਇਹ ਸਮ੍ਰਿਤੀ ਸ਼ਕਤੀਸ਼ਾਲੀ ਬਣਾਉਂਦੀ ਹੈ। ਉੱਚਾ ਬਾਪ, ਉੱਚੇ ਅਸੀਂ ਅਤੇ ਉੱਚਾ ਕੰਮ - ਅਜਿਹੀ ਸਮ੍ਰਿਤੀ ਵਿਚ ਰਹਿਣ ਵਾਲੇ ਸਦਾ ਬਾਪ ਸਮਾਨ ਬਣ ਜਾਂਦੇ ਹਨ। ਸਾਰੇ ਵਿਸ਼ਵ ਦੇ ਅੱਗੇ ਸ੍ਰੇਸ਼ਠ ਅਤੇ ਉੱਚੀਆਂ ਆਤਮਾਵਾਂ ਤੁਹਾਡੇ ਇਲਾਵਾ ਕੋਈ ਨਹੀਂ ਹਨ ਇਸਲਈ ਤੁਹਾਡਾ ਹੀ ਗਾਇਨ ਅਤੇ ਪੂਜਨ ਹੁੰਦਾ ਹੈ।

ਸਲੋਗਨ:- ਸੰਪੂਰਨਤਾ ਦੇ ਦਰਪਣ ਵਿਚ ਸੂਕਸ਼ਮ ਲਗਾਵਾਂ ਨੂੰ ਚੈਕ ਕਰੋ ਅਤੇ ਮੁਕਤ ਬਣੋ।

******